# ਸਾਡੀ ਤੁਹਾਡੇ 'ਤੇ ਧਿਆਨ ਕੇਂਦ੍ਰਿਤ ਕਰਨ ਵਿੱਚ ਸਹਾਇਤਾ ਕਰਦਾ

### ਤੁਹਾਡੀ ਦੇਖਭਾਲ ਵਿੱਚ ਸੁਧਾਰ ਕਰਨ ਲਈ ਨਵੀਂ ਟੇਕਨੇਲੋਜੀ।

UC Davis Health ਵਿੱਚ, ਅਸੀਂ ਹਮੇਸ਼ਾਂ ਬਿਹਤਰ ਦੇਖਭਾਲ ਪ੍ਰਦਾਨ ਕਰਨ ਦੇ ਤਰੀਕਿਆਂ ਦੀ ਭਾਲ ਕਰਦੇ ਰਹਿੰਦੇ ਹਾਂ। ਇਸੇ ਕਰਕੇ ਤੁਹਾਡਾ ਡਾਕਟਰੀ Abridge ਦੀ ਵਰਤੋਂ ਕਰ ਰਿਹਾ ਹੈ, ਇਹ ਇੱਕ ਨਵੀਂ ਟੇਕਨੋਲੋਜੀ ਹੈ, ਜੋ ਉਨ੍ਹਾਂ ਨੂੰ ਤੁਹਾਡੇ ਅਤੇ ਤੁਹਾਡੀਆਂ ਸਿਹਤ ਜ਼ਰੂਰਤਾਂ ਤੇ ਵਧੇਰੇ ਧਿਆਨ ਕੇਂਦ੍ਰਿਤ ਕਰਨ ਦਿੰਦੀ ਹੈ।

### Abridge ਮੈਨੂੰ ਕਿਵੇਂ ਫਾਇਦਾ ਪਹੁੰਚਾਉਂਦਾ ਹੈ?

ਦਫ਼ਤਰ ਦੀ ਇੱਕ ਆਮ ਵਿਜ਼ਿਟ (ਮੁਲਾਕਾਤ) ਦੇ ਦੌਰਾਨ, ਤੁਹਾਡੇ ਮੈਡੀਕਲ ਰਿਕਾਰਡ ਨੂੰ ਅੱਪਡੇਟ ਕਰਨ ਲਈ ਤੁਹਾਡੇ ਕਲੀਨੀਸ਼ਿਅਨ ਲਈ ਨੋਟਸ ਅਤੇ ਹੋਰ ਜਾਣਕਾਰੀ ਨੂੰ ਇੱਕ ਕੰਪਿਊਟਰ ਵਿੱਚ ਦਾਖਲ ਕਰਨਾ ਲਾਜ਼ਮੀ ਹੈ। ਇਹ ਨਵੀਂ ਸੇਵਾ ਤੁਹਾਡੀ ਵਿਜ਼ਿਟ (ਮੁਲਾਕਾਤ)  ਦੇ ਦੌਰਾਨ ਤੁਹਾਡੇ ਕਲੀਨੀਸ਼ਿਅਨ ਨੂੰ ਡੇਟਾ ਦਰਜ ਕਰਨ ਤੋਂ ਮੁਕਤ ਕਰਦੀ ਹੈ, ਜਿਸਦਾ ਮਤਲਬ ਹੈ ਕਿ ਤੁਸੀਂ ਆਪਣੇ ਕਲੀਨੀਸ਼ਿਅਨ ਤੋਂ ਵਧੇਰੇ ਕੇਂਦ੍ਰਿਤ ਧਿਆਨ ਪ੍ਰਾਪਤ ਕਰੋਗੇ

### Abridge ਕਿਵੇਂ ਕੰਮ ਕਰਦਾ ਹੈ?

Abridge ਤੁਹਾਡੀ ਵਿਜ਼ਿਟ (ਮੁਲਾਕਾਤ) ਦੌਰਾਨ ਤੁਹਾਡੇ ਕਲੀਨੀਸ਼ਿਅਨ ਨਾਲ ਤੁਹਾਡੀ ਗੱਲਬਾਤ ਨੂੰ ਰਿਕਾਰਡ ਕਰਦਾ ਹੈ। ਇਹ ਫਿਰ ਆਰਟੀਫਿਸ਼ਿਅਲ ਇੰਟੇਲੀਜੇਂਸ (AI) ਦੀ ਵਰਤੋਂ ਕਰਕੇ ਇੱਕ ਸਾਰ ਬਣਾਉਂਦਾ ਹੈ। ਤੁਹਾਡਾ ਕਲੀਨੀਸ਼ਿਅਨ ਸ਼ੁੱਧਤਾ ਲਈ ਇਸ ਸਾਰ ਦੀ ਸਮੀਖਿਆ ਕਰਦਾ ਹੈ ਅਤੇ ਇਸਨੂੰ ਤੁਹਾਡੇ ਮੈਡੀਕਲ ਰਿਕਾਰਡ ਵਿੱਚ ਸ਼ਾਮਲ ਕਰਦਾ ਹੈ।

### ਕੀ ਸਾਡੀ ਗੱਲਬਾਤ ਨਿਜੀ ਅਤੇ ਸੁਰੱਖਿਅਤ ਰੱਖੀ ਜਾਏਗੀ?

ਤੁਹਾਡੀ ਸੁਰੱਖਿਆ ਅਤੇ ਗੋਪਨੀਯਤਾ ਸਾਡੀਆਂ ਮੁੱਖ ਤਰਜੀਹਾਂ ਹਨ। Abridge HIPAA-ਦੀ ਪਾਲਣਾ ਕਰਦਾ ਹੈ, ਅਤੇ ਐਨਕ੍ਰਿਪਟ ਕੀਤਾ ਗਿਆ ਹੁੰਦਾ ਹੈ। ਸਿਰਫ਼ ਤੁਹਾਡੀ ਦੇਖਭਾਲ ਟੀਮ ਜਾਂ ਅਧਿਕਾਰਤ ਕਰਮਚਾਰੀਆਂ ਕੋਲ ਤੁਹਾਡੀ ਜਾਣਕਾਰੀ ਤੱਕ ਪਹੁੰਚ ਹੁੰਦੀ ਹੈ, ਅਤੇ ਸਾਰੀਆਂ ਰਿਕਾਰਡਿੰਗਾਂ 30 ਦਿਨਾਂ ਤੋਂ ਬਾਅਦ ਮਿਟਾ ਦਿੱਤੀਆਂ ਜਾਂਦੀਆਂ ਹਨ।

### ਕੀ Abridge ਲਗਾਤਾਰ ਰਿਕਾਰਡਿੰਗ ਕਰਦਾ ਰਹੇਗਾ?

ਰਿਕਾਰਡਿੰਗ ਤੁਹਾਡੇ ਕਲੀਨੀਸ਼ਿਅਨ ਸ਼ੁਰੂ ਕੀਤੀ ਜਾਏਗੀ, ਬੰਦ ਕੀਤੀ ਜਾਏਗੀ, ਅਤੇ ਰੋਕੀ ਜਾਏਗੀ।  ਜੇ ਤੁਸੀਂ ਗੱਲਬਾਤ ਦੇ ਕੁਝ ਹਿੱਸਿਆਂ ਨੂੰ ਰਿਕਾਰਡ ਨਹੀਂ ਕਰਵਾਉਣਾ ਚਾਹੁੰਦੇ ਤਾਂ ਉਹ ਰਿਕਾਰਡਿੰਗ ਨੂੰ ਰੋਕ ਸਕਦੇ ਹਨ।

### ਕੀ ਮੇਰੇ ਕੋਲ ਵਿਕਲਪ ਹੈ ਕਿ ਕੀ ਮੇਰਾ ਕਲੀਨੀਸ਼ਿਅਨ Abridge ਦੀ ਵਰਤੋਂ ਕਰੇ ਜਾਂ ਨਹੀਂ?

ਹਾਂ ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਕਲੀਨੀਸ਼ਿਅਨ Abridge ਦੀ ਵਰਤੋਂ ਕਰੇ, ਤਾਂ ਬੱਸ ਉਨ੍ਹਾਂ ਨੂੰ ਦੱਸ ਦਿਓ। ਇਸ ਨਾਲ ਤੁਹਾਡੀ ਦੇਖਭਾਲ ਪ੍ਰਭਾਵਤ ਨਹੀਂ ਹੋਵੇਗੀ।

### ਜੇ ਮੇਰੇ ਕੋਈ ਹੋਰ ਸਵਾਲ ਹੋਣ ਤਾਂ ਕੀ ਕਰਾਂ?

ਕਿਰਪਾ ਕਰਕੇ ਆਪਣੀ ਵਿਜ਼ਿਟ (ਮੁਲਾਕਾਤ) ਤੋਂ ਪਹਿਲਾਂ, ਦੌਰਾਨ ਜਾਂ ਬਾਅਦ ਜਾਂ ਇਸ ਤੋਂ ਬਾਅਦ ਆਪਣੇ ਕਲੀਨੀਸ਼ਿਅਨ ਨਾਲ ਗੱਲ ਕਰੋ। ਸਾਨੂੰ ਤੁਹਾਨੂੰ ਵਾਧੂ ਜਾਣਕਾਰੀ ਦੇਣ ਵਿੱਚ ਖੁਸ਼ੀ ਹੋਵੇਗੀ।




### ਮਰੀਜ਼ ਸਬੰਧ

2315 Stockton Blvd.
Sacramento, CA 95817
hs-patientrelations@ucdavis.edu

**800-4-UCDAVIS**
**(800-482-3284)**

**health.ucdavis.edu**